25/10/2023

# ਦਫ਼ਤਰ ਜ਼ਿਲ੍ਹਾ ਚੋਣ ਅਫਸਰ, ਬਠਿੰਡਾ

**OFFICE OF DISTRICT ELECTION OFFICER, BATHINDA**

(Room No. 303, 2nd Floor Mini Secretariat)
Phone No. 0164-2211022 E-mail :-ctbtd@punjab.gov.in

PUNJAB VOTES

ਸੇਵਾ ਵਿਖੇ

1. ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ),
   ਬਠਿੰਡਾ।
2. ਜ਼ਿਲ੍ਹਾ ਸਿੱਖਿਆ ਅਫਸਰ (ਪ੍ਰਾਈਮਰੀ),
   ਬਠਿੰਡਾ।

ਪੱਤਰ ਨੰ: ਚੋਣ-2023/ 1832-33
ਮਿਤੀ .10.2023

ਵਿਸ਼ਾ: **ਵੋਟਰ ਸੂਚੀ ਦੀ ਸਰਸਰੀ ਸੁਧਾਈ ਯੋਗਤਾ ਮਿਤੀ 01.01.2024-ਸਕੂਲ ਖੁੱਲੇ ਰੱਖਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਭਾਰਤ ਚੋਣ ਕਮਿਸ਼ਨ, ਨਵੀਂ ਦਿੱਲੀ ਵੱਲੋਂ ਜਾਰੀ ਪ੍ਰੋਗਰਾਮ ਅਨੁਸਾਰ ਵੋਟਰ ਸੂਚੀ ਦੀ ਸਰਸਰੀ ਸੁਧਾਈ ਯੋਗਤਾ ਮਿਤੀ 01.01.2024 ਦਾ ਕੰਮ ਮਿਤੀ 27.10.2022 ਤੋਂ ਸ਼ੁਰੂ ਹੋਣ ਜਾ ਰਿਹਾ ਹੈ। ਇਸ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ **ਮਿਤੀ 04.11.2023 (ਸ਼ਨਿੱਚਰਵਾਰ), 05.11.2023 (ਐਤਵਾਰ),** 02.12.2023 (ਸ਼ਨਿੱਚਰਵਾਰ), 03.12.2023 **(ਐਤਵਾਰ) ਨੂੰ ਸਪੈਸ਼ਲ ਕੈਂਪ** ਲਗਾਇਆ ਜਾ ਰਿਹਾ ਹੈ ਜਿਸ ਵਿੱਚ ਬੀ.ਐਲ.ਓ ਵੱਲੋਂ ਆਪ ਆਪਣੇ ਪੋਲਿੰਗ ਸਟੇਸ਼ਨਾਂ ਤੇ ਬੈਠਕੇ ਦਸਤੀ ਫਾਰਮ ਪ੍ਰਾਪਤ ਕੀਤੇ ਜਾਣਗੇ। ਇਸ ਲਈ ਆਪ ਜੀ ਦੇ ਅਧੀਨ ਪੈਂਦੇ ਸਕੂਲਾਂ ਦੇ ਪ੍ਰਿੰਸੀਪਲਾਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਉਕਤ ਮਿਤੀਆਂ ਨੂੰ **ਸਕੂਲ ਖੁੱਲੇ ਰੱਖਣੇ** ਯਕੀਨੀ ਬਣਾਉਣਗੇ ਅਤੇ ਸਫਾਈ ਅਤੇ ਲੋੜੀਂਦਾ ਫਰਨੀਚਰ ਆਦਿ ਦਾ ਪ੍ਰਬੰਧ ਮੁਕੰਮਲ ਕੀਤਾ ਜਾਵੇ ਤਾਂ ਜੋ ਬੀ.ਐਲ.ਓਜ਼ ਨੂੰ ਕਿਸੇ ਕਿਸਮ ਦੀ ਕੋਈ ਔਕੜ ਪੇਸ਼ ਨਾ ਆਵੇ।

ਵਾਸਤੇ ਜ਼ਿਲ੍ਹਾ ਚੋਣ ਅਫਸਰ
ਬਠਿੰਡਾ

ਪਿੱਠ ਅੰਕਣ ਨੰ.: ਚੋਣ-2023/ 1834-39 ਮਿਤੀ:

ਇਸ ਦਾ ਉਤਾਰਾ ਸਮੂਹ ਚੋਣਕਾਰ ਰਜਿਸਟਰੇਸ਼ਨ ਅਫਸਰ, ਜ਼ਿਲ੍ਹਾ ਬਠਿੰਡਾ ਪਾਸ ਭੇਜਕੇ ਲਿਖਿਆ ਜਾਂਦਾ ਹੈ ਕਿ ਸਰਕਾਰੀ ਸਕੂਲਾਂ ਤੋਂ ਇਲਾਵਾ ਹੋਰ ਇਮਾਰਤਾਂ ਵਿੱਚ ਮੌਜੂਦ ਪੋਲਿੰਗ ਸਟੇਸ਼ਨਾਂ ਨੂੰ ਉਕਤ ਮਿਤੀਆਂ ਨੂੰ ਖੁੱਲੇ ਰੱਖਣ ਲਈ ਆਪਣੇ ਪੱਧਰ ਤੇ ਪੱਤਰ ਜਾਰੀ ਕਰ ਦਿੱਤਾ ਜਾਵੇ ਜੀ।

ਵਾਸਤੇ ਜ਼ਿਲ੍ਹਾ ਚੋਣ ਅਫਸਰ
ਬਠਿੰਡਾ



---

## ਦਫਤਰ ਜਿਲ੍ਹਾ ਸਿੱਖਿਆ ਅਫਸਰ ( ਸੈ.ਸਿ) ਬਠਿੰਡਾ

**ਪਿਠ ਅੰਕਣ ਨੰ: ਜੀ-4/1 ( )2023/ 5004** **ਮਿਤੀ: 26/10/2023**

**ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ,ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।**

**ਜਿਲ੍ਹਾ ਸਿੱਖਿਆ ਅਫਸਰ( ਸੈ.ਸਿ)**
**ਬਠਿੰਡਾ ।**